

TRAVELS of GURU HARI-RAI
FIRST PHASE
ROUTE FOLLOWED
JAMMU-KASHMIR
PAKISTAN
HIMACHAL PRADESH
AMRITSAR
TARAN-TARAN
GURDASPUR
HOSHIARPUR
LUDHIANA
PATIALA
RAJASTHAN
HARYANA
INDEX
G.T. ROAD
RIVERS
ROUTE
GURDWARAS

ਗੁਰੂ ਹਰਿ ਰਾਇ ਜੀ ਦੇ ਮਹਲ: ਪਵਿੱਤਰ ਮਹਲ

ਅੱਜੇ ਤਕ, ਗੁਰੂ ਹਰਿ ਰਾਇ ਸਾਹਿਬ ਜੀ ਦੇ ਮਹਲਾਂ ਬਾਰੇ ਜੋ ਜਾਣਕਾਰੀ, ਮਹਿਮਾ ਪ੍ਰਕਾਸ਼ ਅਤੇ ਸੂਰਜ ਪ੍ਰਕਾਸ਼ ਵਿਚ ਮਿਲਦੀ ਹੈ ਉਹ ਬਹੁਤ ਥੋੜੀ ਅਧੂਰੀ ਹੈ। ਸਭ ਤੋਂ ਪਹਿਲਾਂ ਗੁਰੂ ਸਾਹਿਬਾਂ ਦੇ ਨਾਲ ਸਬੰਧਤ ਗੁਰਧਾਮਾਂ ਦੀ ਜਾਣਕਾਰੀ ਪੰਡਤ ਤਾਰਾ ਸਿੰਘ ਨਰੋਤਮ ਜੀ ਦੇ "ਸ੍ਰੀ ਗੁਰੂ ਤੀਰਥ ਸੰਗ੍ਰਹਿ" (1884 ਈ.) ਵਿਚ ਸ਼ਾਮਿਲ ਕਰਕੇ ਸੰਗਤ ਦਾ ਧਿਆਨ ਦਿਵਾਇਆ। ਗਿਆਨੀ ਗਿਆਨ ਸਿੰਘ ਜੀ ਨੇ ਚਲੋ ਮਿਲਤ ਨਾਲ ਅੱਜ ਗੁਰਧਾਮਾਂ ਦੇ ਦਰਸ਼ਨ ਕਰਨ ਬਾਅਦ ਸਚਿੱਤਰ ਇਤਿਹਾਸ ਨਾਲ 1886 ਈ. ਵਿਚ ਪਵਿੱਤਰ "ਪੰਥ ਪ੍ਰਕਾਸ਼" ਅਤੇ ਫੇਰ 1891 ਈ. ਵਿਚ "ਤਵਾਰੀਖ਼ ਗੁਰੂ ਖ਼ਾਲਸਾ" ਵਿਚ ਇਨ੍ਹਾਂ ਗੁਰਧਾਮਾਂ ਦਾ ਇਤਿਹਾਸ ਨਾਲ ਜ਼ਿਕਰ ਕਰਕੇ ਪੰਥ ਦੀ ਬਹੁਤ ਪ੍ਰਸੰਸਾਈਆਂ ਕਰ ਦਿੱਤੀਆਂ। ਫੇਰ 32 ਸਾਲਾਂ ਬਾਅਦ ਗਿਆਨੀ ਠਾਕਰ ਸਿੰਘ ਜੀ ਨੇ "ਗੁਰਦੁਆਰੇ ਦਰਸ਼ਨ" (1923 ਈ.) ਵਿਚ ਇਸ ਖੇਤਰ ਨੂੰ ਹੋਰ ਵੀ ਸਾਹਮਣੇ ਕਰ ਦਿੱਤਾ। ਇਸ ਤੋਂ ਬਾਅਦ ਡਾ. ਜਸਬੀਰ ਸਿੰਘ ਸਰਨਾ ਦੇ ਆਪਣੀ ਪੁਸਤਕ "ਸਿੱਖਾਂ ਪਾਤਸ਼ਾਹੀ ਸੰਗਤਾਂ ਤੇ ਅੱਡਰੀ" ਵਿਚ ਇਨ੍ਹਾਂ ਗੁਰਧਾਮਾਂ ਦਾ ਇਤਿਹਾਸ ਸੰਗਤਾਂ ਦੇ ਰੂਬਰੂ ਕੀਤਾ।

ਇਸ ਸਮੇਂ ਦੌਰਾਨ ਮੈਂ ਆਪਣੇ ਪਿਤਾ ਜੀ ਦੀ ਕਿਤਾਬ ਗੁਰੂ ਹਰਿ ਕ੍ਰਿਸ਼ਨ ਜੀ ਦੀ ਜੀਵਨੀ Life of Guru Hari Krishan (1981) ਦਾ ਅੰਗਰੇਜ਼ੀ ਤੋਂ ਪੰਜਾਬੀ ਅਨੁਵਾਦ ਕਰਨ ਦੀ ਅਕਤੂਬਰ 28, 2014 ਨੂੰ ਖੋਜ ਦਾ ਕੰਮ ਸ਼ੁਰੂ ਕੀਤਾ। ਪਵਿੱਤਰ ਅਸਥਾਨ ਇਸ ਦਸਾਂ ਹਿੱਸਿਆਂ ਵਿਚ ਜੋ ਕਿ ਮਾਰਚ 16, 2015 ਨੂੰ ਪੂਰਾ ਕੀਤਾ ਗਿਆ। ਅਗਲੇ ਚਾਰ ਅਸਥਾਨ 20 ਨਵੰਬਰ 2015 ਤਕ ਪੂਰੇ ਕਰ ਦਿੱਤੇ ਗਏ ਸਨ। ਇਨ੍ਹਾਂ ਅਸਥਾਨਾਂ ਗੁਰੂ ਹਰਿ ਰਾਇ ਸਾਹਿਬ ਦੇ ਮਹਲਾਂ ਬਾਰੇ ਜਦੋਂ ਖੋਜ ਸ਼ੁਰੂ ਕੀਤੀ ਤਾਂ ਹੇਠ ਲਿਖੇ ਨੁਕਤਿਆਂ ਦਾ ਸਾਹਮਣਾ ਕਰਨਾ ਪਿਆ:

(1) ਹੋਰ ਵਿਦਵਾਨਾਂ ਦੇ ਇਨ੍ਹਾਂ ਮਹਲਾਂ ਨੂੰ ਇਕੱਠ ਦਸਿਆਂ ਇਤਿਹਾਸਕ ਪਵਿੱਤਰ (ਸੈਂਕੜੇ ਤਾਰੀਖ਼, ਪਰਮਾਣ, ਅਤੇ ਇਸ ਦੀ ਨਿਰੰਤਰਤਾ (Continuity)

ਹੈ ਕੇਵਲ ਸੰਪਰਕ ਕਰਕੇ ਜੋ ਇਤਿਹਾਸ ਲਿਖਿਆ ਉਸ ਦੀ ਪ੍ਰਮਾਣਿਕਤਾ ਸਾਬਤ ਕਰਨੀ ਔਖੀ ਹੋ ਜਾਂਦੀ ਹੈ।

(1) ਪ੍ਰੋ: ਸਾਹਿਬ ਸਿੰਘ ਜੀ ਇਹ ਸਫ਼ਰ ਚਾਰ ਸਾਲਾਂ ਦਾ ਦੱਸ ਰਹੇ ਹਨ ਤੇ ਵਿਸਥਾਰ ਵੀ ਇਸ਼ਾਰੇ ਮਾਤਰ ਵਿੱਚ ਦਰਸਾਇਆ ਹੈ।

(2) ਡਾ: ਹਰਜਿੰਦਰ ਦਿਲਗੀਰ, ਸਿੱਖ ਗੁਰੂਆਂ ਦੇ ਨਾਮ ਹੀ ਦੇ ਕੇ ਇਤਿਹਾਸਕਾਰੀ ਦਾ ਫਰਜ਼ ਪੂਰਾ ਕਰ ਗਿਆ ਹੈ।

(3) ਪ੍ਰਿੰਸੀਪਲ ਸਤਿਬੀਰ ਸਿੰਘ ਜੀ ਇਸ ਦਾ ਜ਼ਿਕਰ ਇਸ਼ਾਰਿਆਂ ਦੇ ਇਕ ਸਫ਼ਰ ਦੇ ਕੇ ਗਏ।

(4) ਡਾ: ਸੁਰਜੀਤ ਸਿੰਘ ਜੀ ਗਾਂਧੀ, ਡਾ: ਤਾਰਨ ਸਿੰਘ ਅਤੇ ਹੋਰ ਅਜਿਹੇ ਸਭ ਵਿਦਵਾਨ ਇਸ ਤਰ੍ਹਾਂ ਹੀ ਇਤਿਹਾਸ ਲਿਖ ਗਏ ਹਨ।

ਜਦੋਂ ਮੈਂ ਆਪਣੇ ਪਿਤਾ ਜੀ (ਡਾ. ਇੰਦਰਜੀਤ ਸਿੰਘ) ਦੀ ਪ੍ਰੇਰਨਾ ਤੇ ਖੋਜ ਸ਼ੁਰੂ ਕੀਤੀ ਤਾਂ ਇਹੀ ਸਮੱਸਿਆ ਉੱਭਰ ਕੇ ਸਾਹਮਣੇ ਆਈ। ਦਸੰਬਰ 2015 - ਜੂਨ 2017 ਤਕ ਦਾ ਸਮਾਂ ਇਨ੍ਹਾਂ ਸਫ਼ਰਾਂ ਦੇ ਇਤਿਹਾਸਕ ਪੱਖ ਦੇਖਣ, ਵਿਚਾਰਨ, ਸਰਵੇ (ਇਲਾਕਾ ਸਰਵੇ) ਵਿੱਚ ਲੱਗ ਗਏ। ਜੋ ਖੋਜ ਤਹਿ ਤੱਕ ਅਧਾਰਿਤ ਖੋਜ ਪ੍ਰਮਾਣਾਂ ਮੁਤਾਬਕ ਕੀਤੀ ਜਾਂਦੀ ਹੈ, ਉਸ ਨੂੰ ਪਾਠਕਾਂ ਨਾਲ ਸਾਂਝੀ ਕਰਨ ਦਾ ਸੁਭਾਗ ਪ੍ਰਾਪਤ ਕਰ ਰਿਹਾ ਹਾਂ। ਇਸ ਖੋਜ ਅਨੁਸਾਰ:

(1) ਗੁਰੂ ਸਾਹਿਬ ਨੇ ਦੋ ਸਫਰ ਕੀਤੇ; ਪਹਿਲਾ ਸਫਰ ਉਨ੍ਹਾਂ ਨੇ ਆਪਣੇ ਸਫਰਾਂ ਲਈ ਪ੍ਰਬੰਧ ਇੱਕਠਾ ਨਾਲ ਕੀਤਾ, ਜਿਸ ਦੌਰਾਨ ਉਨ੍ਹਾਂ ਨੇ ਤਕਰੀਬਨ 1871 ਕਿ: ਮੀ (1336 ਮੀਲ) ਸਫਰ ਕੀਤਾ ਜਿਸ ਵਿਚ ਉਹ ਦੁਆਬਾ, ਮਾਝਾ, ਜੰਮੂ-ਕਸ਼ਮੀਰ, ਪਾਕਿਸਤਾਨ (ਜੋ ਉਸ ਸਮੇਂ ਇਕ ਪੰਜਾਬ ਦਾ ਹੀ ਹਿੱਸਾ ਸਨ) ਸਫਰ ਕੀਤਾ।

(2) ਇਸ ਸਫਰ ਦੌਰਾਨ 40 ਪੜਾਅ ਤੈਅ ਕਰਕੇ ਗੁਰੂ ਸਾਹਿਬ ਨੇ ਲੋਕਾਂ ਨੂੰ ਸੱਚ ਦੇ ਮਾਰਗ ਦਾ ਪਾਂਧੀ ਬਣਾ ਕੇ ਗੁਰੂ ਨਾਨਕ ਦੇਵ ਜੀ ਤੋਂ ਪ੍ਰਾਪਤ ਕੀਤੀ ਜੋਤਿ ਨਾਲ ਲੋਕਾਂ ਦੇ ਸੋਚਣੇ ਮਨ ਵਿਚ ਇਲਾਹੀ ਬਾਣੀ ਦਾ ਪ੍ਰਕਾਸ਼ ਕੀਤਾ।

(3) ਇਨ੍ਹਾਂ 40 ਪੜਾਵਾਂ ਵਿਚ 20 ਅਸਥਾਨਾਂ ਤੇ ਗੁਰੂ ਸਾਹਿਬ ਦੇ ਇਤਿਹਾਸਕ ਗੁਰਦੁਆਰੇ ਹਨ।

PAGE 03 DATE 11 07 2017

(3) ਇਤਿਹਾਸਕਾਰਾਂ ਨੇ ਇਸ ਦਾ ਜ਼ਿਕਰ ਕੀਤਾ ਹੈ ਕਿ ਗੁਰੂ ਸਾਹਿਬ ਇਸ ਸਫ਼ਰ ਦੌਰਾਨ ਪਸ਼ੌਰ ਵੀ ਗਏ ਅਤੇ ਉਥੋਂ ਆਪਣੀ ਸਪੁਤਰੀ ਬੀਬੀ ਰੂਪ ਕੌਰ ਤੇ ਉਨ੍ਹਾਂ ਦੇ ਪਤੀ ਨੂੰ ਆਪਣੇ ਨਾਲ ਕੀਰਤਪੁਰ ਸਾਹਿਬ ਵਾਪਸ ਲੈ ਕੇ ਆਏ, ਜਿਥੇ ਬੀਬੀ ਸਰੂਪ ਕੌਰ ਸਾਰੀ ਉਮਰ ਦਰਸ਼ਨ ਕਰਾਉਂਦੇ ਰਹੇ। ਜਦ ਕਿ ਇਤਿਹਾਸ ਵਿਚ ਬੀਬੀ ਰੂਪ ਕੌਰ ਦਾ ਜਨਮ 1656 ਈ: ਵਿਚ ਹੋਇਆ ਅਤੇ ਇਹ ਇਸ ਸਫ਼ਰ ਦੌਰਾਨ (1654-55 ਈ:) ਉਨ੍ਹਾਂ ਦੀ ਸ਼ਾਦੀ ਦੀ ਗੱਲ ਇਕ ਕਾਲਪਨਿਕ ਕਥਾ ਜਾਪਦੀ ਹੈ। ਹਾਲਾਂਕਿ ਅਜਾਇਬ ਬੀਬੀ ਰੂਪ ਕੌਰ ਆਪਣੇ ਵਿਆਹ ਤੋਂ ਤੁਰੰਤ ਬਾਅਦ ਹੀ ਪਰਵਾਰ ਸਮੇਤ ਵਾਪਸ ਕੀਰਤਪੁਰ ਆ ਗਏ। ਸੋ ਦੋਵੇਂ ਪੱਖ ਇਕ ਵਿਚਾਰ ਅਧੀਨ ਹਨ।

(4) ਗੁਰਧਾਮਾਂ ਦਾ ਵੀ ਇਤਿਹਾਸ ਸੇਵਾਦਾਰਾਂ ਮੁਤਾਬਕ ਅਤੇ ਕਈ ਮਨ ਘਾੜਤਾਂ ਦੇ ਜੋ ਲਿਖ ਦਿਤੇ ਉਹ ਗੁਰਧਾਮਾਂ ਦੇ ਬਾਹਰ ਲਿਖ ਦਿਤੇ ਗਏ।

(5) ਸਫ਼ਰਾਂ ਦਾ ਇਤਿਹਾਸ ਲਿਖਦੇ ਸਮਿਆਂ, ਇਕ ਅਸਥਾਨ ਤੋਂ ਦੂਜੇ ਅਸਥਾਨ ਦੀ ਦੂਰੀ, ਇਕ ਦੂਰੀ ਨੂੰ ਤੈਅ ਕਰਨ ਲਈ ਲੱਗਿਆ ਸਮਾਂ ਅਤੇ ਇਕ ਅਸਥਾਨ ਤੋਂ ਦੂਜੇ ਅਸਥਾਨ ਤੱਕ ਜਾਣ ਲਈ ਲਗਾਤਾਰਤਾ (Continuity) ਦਾ ਅਧਿਐਨ ਕਰਨ ਤੋਂ ਬਾਅਦ ਹੀ ਸੰਬੰਧਤ ਕੜੀਆਂ ਦੀ ਨਿਸ਼ਾਨਦੇਹੀ ਕਰਕੇ ਇਤਿਹਾਸ ਲਿਖਣ ਦਾ ਉਪਰਾਲਾ ਕੀਤਾ ਜਾ ਸਕਦਾ ਹੈ।

ਪਹਿਲੇ ਸਫ਼ਰ ਦਾ ਜੋ ਨਕਸ਼ਾ ਤਿਆਰ ਕੀਤਾ ਗਿਆ ਹੈ ਉਹ ਪਾਠਕਾਂ ਦੇ ਨਾਲ ਇਸ ਲਈ ਸਾਂਝਾ ਕਰ ਰਿਹਾ ਹਾਂ ਤਾਂ ਜੋ ਹਰ ਪਾਠਕ ਜਿਸ ਕੋਲ ਵੀ ਇਨ੍ਹਾਂ ਗੁਰਧਾਮਾਂ ਬਾਰੇ ਕੋਈ ਜਾਣਕਾਰੀ ਹੋਵੇ, ਉਹ ਤਸਦੀਕ ਸਮੇਤ ਸਾਂਝੀ ਕਰਨ ਦੀ ਕ੍ਰਿਪਾਲਤਾ ਕਰਨ।

ਅਨੁਰਾਗ ਸਿੰਘ
11/7/2017